Serial No. 152

106–R–C45

2006

# PUNJABI

## Paper I

## (Literature)

Time Allowed : Three Hours | Maximum Marks : 300

### INSTRUCTIONS

*Candidates should attempt questions 1 and 5 which are compulsory, and any THREE of the remaining questions selecting at least ONE question from each Section.*
*All questions carry equal marks.*
*Answers must be written in Punjabi (Gurmukhi Script).*

punjabiforias.com by Satinder Sir

### SECTION—A

1. "ਕੈਕੇਈ, ਮਦ੍ਰ ਤੇ ਟੱਕ ਪ੍ਰਾਕ੍ਰਿਤਾਂ ਤੋਂ ਕੈਕੇਈ, ਮਦ੍ਰ ਤੇ ਟੱਕ ਅਪਭ੍ਰੰਸ਼ਾਂ ਦਾ ਵਿਕਾਸ ਹੋਇਆ ਅਤੇ ਇਨ੍ਹਾਂ ਵਿਚੋਂ ਹੀ ਪੰਜਾਬੀ ਭਾਸ਼ਾ ਦਾ ਜਨਮ ਹੋਇਆ ਜਿਸ ਨੇ ਛੇਤੀ ਹੀ ਆਪਣੀ ਵਖਰੀ ਪਛਾਣ ਬਣਾ ਲਈ।"

ਇਸ ਵਿਚਾਰ ਦੀ ਪਰਖ ਪੜਤਾਲ ਕਰ ਕੇ ਆਪਣੇ ਮਤ ਦੀ ਸਥਾਪਨਾ ਕਰੋ।



Scanned with CamScanner

UKHM

2. ਭਾਵਾਂਸ਼, ਅਗੇਤਰ, ਪਿਛੇਤਰ, ਤਤਸਮ ਤੇ ਤਦਭਵ ਨੂੰ ਪਰਿਭਾਸ਼ਿਤ ਕਰੋ ਅਤੇ ਪੰਜਾਬੀ ਸ਼ਬਦਾਵਲੀ ਦੀ ਸਿਰਜਨਾ ਵਿਚ ਇਨ੍ਹਾਂ ਦਾ ਮਹੱਤਵ ਸਪਸ਼ਟ ਕਰੋ।

3. ਭਾਸ਼ਾ ਅਤੇ ਲਿਪੀ ਦਾ ਕੀ ਸੰਬੰਧ ਹੈ? ਗੁਰਮੁਖੀ ਦਾ ਉਦਭਵ ਅਤੇ ਵਿਕਾਸ-ਰੁਖ਼ ਉਲੀਕਦੇ ਹੋਏ ਇਸਦੀ ਪ੍ਰਾਚੀਨਤਾ ਨਿਰਧਾਰਿਤ ਕਰੋ।

4. "ਕਿੱਸਾ ਕਾਵਿ ਦਾ ਵਿਰੋਧ ਸਮਾਜਕ ਮਰਯਾਦਾ ਨਾਲ ਹੈ ਤੇ ਸੂਫ਼ੀ ਕਾਵਿ ਦਾ ਵਿਰੋਧ ਇਸਲਾਮ ਦੇ ਕਟੜ ਰੂਪ ਨਾਲ, ਪਰੰਤੂ ਗੁਰਮਤਿ ਕਾਵਿ ਗਿਆਨ ਦੇ ਪੱਧਰ ਉਤੇ ਮਨੁਖ ਦੇ ਸਮੁਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।"—ਵਿਆਖਿਆ ਕਰੋ।

## SECTION—B

5. "ਪਰੰਪਰਾਗਤ ਪ੍ਰਗਤੀਵਾਦੀ ਕਾਵਿ ਧਾਰਾ ਦੇ ਵਿਗਠਨ ਨਾਲ ਪ੍ਰਯੋਗਵਾਦੀ, ਸੁਹਜਵਾਦੀ ਤੇ ਨਵ ਪ੍ਰਗਤੀਵਾਦੀ ਕਵਿਤਾ ਦੀ ਸਮਾਨਾਂਤਰ ਸਿਰਜਨਾ ਪੰਜਾਬੀ ਵਿਚ ਹੋਣੀ ਸ਼ੁਰੂ ਹੋਈ।" ਉਪਰੋਕਤ ਕਥਨ ਦੇ ਪ੍ਰਸੰਗ ਵਿਚ ਇਨ੍ਹਾਂ ਵਿਚਲੇ ਸੰਵਾਦ ਤੇ ਨਿਖੇੜ ਦੇ ਬਿੰਦੂ ਸਪਸ਼ਟ ਕਰੋ।

6. ਮਹਾਂਕਾਵਿ ਬਾਰੇ ਪੂਰਬੀ ਤੇ ਪੱਛਮੀ ਚਿੰਤਕਾਂ ਦੇ ਵਿਚਾਰਾਂ ਵਿਚ ਕੀ ਭੇਦ ਹੈ? ਇਸ ਪ੍ਰਸ਼ੰਗ ਵਿਚ ਭਾਈ ਵੀਰ ਸਿੰਘ, ਅਵਤਾਰ ਸਿੰਘ ਆਜ਼ਾਦ ਤੇ ਮੋਹਨ ਸਿੰਘ ਦੀ ਇਕ-ਇਕ ਰਚਨਾ ਲੈ ਕੇ ਉਨ੍ਹਾਂ ਦੀ ਪ੍ਰਾਪਤੀ ਦਾ ਮੁੱਲਾਂਕਣ ਕਰੋ।

7. ਵਿਸ਼ਾ ਵਸਤੂ, ਨਾਟਕੀ ਰੂਪ ਤੇ ਥੇਟਰੀਕਲ ਟੈਕਨੀਕ, ਹਰ ਪਖੋਂ ਜੀ ਬਲਵੰਤ ਗਾਰਗੀ ਨੇ ਆਈ.ਸੀ. ਨੰਦਾ ਨਾਲ ਆਰੰਭ ਹੋਏ ਪੰਜਾਬੀ ਨਾਟਕ ਨੂੰ ਨਵੇਂ ਦਿਸਹੱਦਿਆਂ ਨਾਲ ਪਰਿਚਿਤ ਕਰਵਾਇਆ।—ਵਿਆਖਿਆ ਕਰੋ।

punjabiforias.com by Satinder sir



Scanned with CamScanner

੪. "ਮਾਰਕਸਵਾਦੀ ਆਲੋਚਨਾ ਸਾਹਿਤਕ ਰਚਨਾ ਵਿਚੋਂ ਸਾਹਿਤ ਬਾਹਰੇ ਆਧਾਰਾਂ ਉਤੇ ਆਗਾਂਹ-ਵਧੂ, ਪਿਛਾਂਹ ਖਿੱਚੂ ਤੱਤਾਂ ਦੀ ਪਛਾਣ ਤਕ ਸੀਮਿਤ ਰਹੀ ਅਤੇ ਹਰਿਭਜਨ ਸਿੰਘ ਦੀ ਆਲੋਚਨਾ ਸਾਹਿਤਕਤਾ ਜਾਂ ਸਾਹਿਤਕ ਸੁਹਜ ਉਭਾਰਨ ਵਾਲੀਆਂ ਜੁਗਤਾਂ ਪਛਾਣਨ ਤਕ।"-ਵਿਆਖਿਆ ਤੇ ਵਿਸ਼ਲੇਸ਼ਣ ਕਰੋ।

punjabiforias.com
by Satinder Sir

Scanned with CamScanner